# ਪਤਾ ਨਹੀਂ ਕਿੱਥੇ ਜਾਊਂਗਾ: ਕਹਾਣੀ: ਚਰਨਜੀਤ ਸਿੰਘ ਮਿਨਹਾਸ

ਇਹ ਗੱਲ ਉਦੋਂ ਦੀ ਹੈ ਜਦੋਂ ਉਹਨਾਂ ਨੂੰ ਪੰਜਾਬ ਪੁਲਿਸ ਤੋਂ ਰਿਟਾਇਰ ਹੋਏ ਜ਼ਿਆਦਾ ਅਰਸਾ ਨਹੀਂ ਸੀ ਹੋਇਆ।

"ਬਹੁਤੇ ਲੋਕਾਂ ਨੂੰ ਜ਼ਿੰਦਗੀ ਭਰ ਖਾਣ ਨੂੰ ਨਹੀਂ ਜੁੜਦੇ ਇਹ ਅਨਾਰ ਚੰਨੇ, ਪਤਾ ਤੈਨੂੰ? ਤੇ ਇੱਥੇ ਦੇਖ ਪੂਰਾ ਬਾਗ਼ ਖੜ੍ਹਾ ਭਰਿਆ ਅਨਾਰਾਂ ਦਾ।" ਠਾਣੇਦਾਰ ਸਾਹਿਬ ਨੇ ਅਪਣੇ ਬਾਗ਼ ਵੱਲ ਬਾਂਹ ਉਲਾਰਦੇ ਹੋਏ ਬੜੇ ਫ਼ਖਰ ਨਾਲ ਮੈਨੂੰ ਦੱਸਿਆ।

ਠਾਣੇਦਾਰ ਸਾਹਿਬ ਦੀ ਜੱਦੀ ਜ਼ਾਇਦਾਦ ਤਾਂ ਕੋਟ-ਫੱਤੇ ਸੀ, ਇੱਥੇ ਪਟਿਆਲੇ ਮਾਡਲ ਟਾਊਨ ਵਿਚ ਉਹਨਾਂ ਕੋਲ਼ ਇਹ ਵੱਡੀ ਬੀ-ਟਾਈਪ ਦੀ 1200 ਗਜ਼ ਦੀ ਕੋਠੀ ਸੀ। ਦੋ ਹਿੱਸੇ ਸਨ ਇਸਦੇ, ਇਕ ਦੂਜੇ ਨਾਲੋਂ ਦੋਹੇਂ ਜਮਾਂ ਅੱਡ। ਕਿਸੇ ਕੰਧ ਬੰਨੇਰੇ ਦੀ ਵੀ ਕੋਈ ਆਪਸੀ ਸਾਂਝ ਨਹੀਂ। ਅਗਲਾ ਹਿੱਸਾ ਸਿੰਜਾਈ ਵਿਭਾਗ ਨੂੰ ਕਿਰਾਏ 'ਤੇ ਦਿੱਤਾ ਸੀ ਅਤੇ ਪਿਛਲੇ ਵਿਚ ਉਹ, ਠਾਣੇਦਾਰਨੀ ਅਤੇ ਅਪਣੇ ਤਿੰਨ ਮੁੰਡਿਆਂ ਵਿਚੋਂ ਸਭ ਤੋਂ ਛੋਟੇ ਬਿੱਲੂ ਨਾਲ ਰਹਿੰਦੇ ਸੀ। ਇਹਦੇ ਸੱਜੇ ਪਾਸੇ ਇਹ ਬਾਗ਼ ਸੀ।

"ਚੜ੍ਹੇ ਸੂਰਜ ਮੋਹਰੇ ਹੀ ਨਮਸਕਾਰ ਹੁੰਦਾ ਤੇ ਉਹਦੀ ਹੀ ਪੂਜਾ ਹੁੰਦੀ ਹੈ," ਠਾਣੇਦਾਰ ਸਾਹਿਬ ਮੈਨੂੰ ਦੋ ਚਾਰ ਵਾਰ ਲੰਬਾ ਸਾਹ ਖਿੱਚ ਕੇ ਇਹ ਦੱਸ ਚੁੱਕੇ ਸੀ। 'ਤੇੜ ਵਰਦੀ ਸੀ ਤਾਂ ਠਾਠ ਬੇਸ਼ੁਮਾਰ, ਸਲੂਟ ਅਣਗਿਣਤ, ਮਿਲਣ ਵਾਲਿਆਂ ਦਾ ਤਾਂਤਾ ਲੱਗਿਆ ਰਹਿੰਦਾ ਹੁੰਦਾ ਸੀ।'

ਹੁਣ ਠਾਣੇਦਾਰਣੀ ਤੋਂ ਬਚਣ ਲਈ ਇਕ ਖੂੰਜੇ ਵਿਚ ਬੈਠੇ ਰਹਿੰਦੇ ਸੀ।

ਉਹਨਾਂ ਦੀ ਕੋਠੀ ਸਾਡੇ ਮਕਾਨ ਤੋਂ ਸਾਈਕਲ 'ਤੇ ਮਸੀਂ ਪੰਜ ਕੁ ਮਿੰਟ 'ਤੇ ਹੋਣੀ। ਸਕੂਲ ਵਿਚ ਸਿਆਲ਼ਾਂ ਦੀਆਂ ਛੁੱਟੀਆਂ ਚਲਦੀਆਂ ਹੋਣ ਕਰਕੇ ਕੁੱਝ ਦਿਨਾਂ ਮਗਰੋਂ ਜਦੋਂ ਮੈਂ ਫੇਰ ਗੇੜਾ ਮਾਰਿਆ ਤਾਂ ਵੱਡੇ ਢਿੱਡ ਵਾਲੇ ਠਾਣੇਦਾਰ ਸਾਹਿਬ ਵਰਾਂਡੇ ਵਿਚ ਬੈਠੇ ਚਾਹ ਪੀਂਦੇ ਸਨ। ਮੈਂ ਉਹਨਾਂ ਕੋਲ਼ ਜਾ ਬੈਠਾ। ਉਹ ਕਦੇ-ਕਦੇ ਠਾਣੇਦਾਰਣੀ ਤੋਂ ਅੱਖ ਬਚਾ ਕੇ ਮੈਨੂੰ ਅਮੈਰਕਿਨ ਚੋਕਲੇਟਾਂ ਵਗ਼ੈਰਾ ਦਿੰਦੇ ਰਹਿੰਦੇ ਸੀ।

"ਭਾਵੇਂ ਮੈਂ ਰਿਟਾਇਰ ਹੋ ਗਿਆਂ ਚੰਨੇ, ਪਰ ਅੱਜ ਵੀ ਮੇਰੀ ਸੇਵਾ ਲਈ ਮੇਰੇ ਪਿੱਛੇ ਦੋ ਸਿਪਾਹੀ ਮੌਜੂਦ ਰਹਿੰਦੇ ਨੇ।" ਪਤਾ ਨਹੀਂ ਕਿਉਂ ਉਹਨਾਂ ਨੇ ਸੁੜ੍ਹਕੇ ਨਾਲ ਮਗਰਲਾ ਘੁੱਟ ਪੀ ਕੇ ਮੈਨੂੰ ਇਹ ਦੱਸਣਾ ਜ਼ਰੂਰੀ ਸਮਝਿਆ।

ਪੰਜਾਬ ਪੁਲਿਸ ਮੈਨੂੰ ਉਦੋਂ ਵੀ ਉੱਕਾ ਪਸੰਦ ਨਹੀਂ ਸੀ। ਮੈਂ ਡਰਦੇ ਨੇ ਮਲਕ ਦੇਣੀ ਧੌਣ ਘੁਮਾ ਕੇ ਪਿੱਛੇ ਝਾਕਿਆ, ਕੋਈ ਨਹੀਂ ਸੀ। ਮਸਾਂ ਸਾਹ 'ਚ ਸਾਹ ਰਲ਼ਿਆ।

"ਓਏ ਚੰਨਿਆ...ਅਸੀਂ ਲੋਕਾਂ ਦੀ ਅੱਖ 'ਚ ਆਏ ਬਿਨਾਂ ਉਹਨਾਂ 'ਤੇ ਅੱਖ ਰੱਖੀਦੀ ਹੈ।" ਬਿਆਨ ਨੁਮਾ ਲਹਿਜੇ 'ਚ ਠਾਣੇਦਾਰ ਸਾਹਿਬ ਨੇ ਕਿਹਾ।

ਠਾਣੇਦਾਰ ਸਾਹਿਬ ਸੱਜੇ ਪੱਬ 'ਤੇ ਅੱਡੀ ਨਾਲ ਅਪਣੀ ਚਮੜੇ ਦੀ ਚੱਪਲ ਦੀ ਹੇਠਾਂ ਉੱਪਰ ਤਾਲ ਵਜਾਉਣ ਲੱਗ ਪਏ ਤੇ ਨਾਲੇ ਹਮੇਸ਼ਾ ਵਾਂਗ ਉਹਨਾਂ ਦੀ ਤਕੀਆ-ਕਲਾਮ ਓਪਰੀ ਖੰਘ ਵੀ ਸ਼ੁਰੂ ਹੋ ਗਈ। ਮੇਰਾ ਹੱਥ ਆਪ-ਮੁਹਾਰਾ ਨੱਕ ਵੱਲ ਉਠ ਪਿਆ। ਇਸ ਤੋਂ ਪਹਿਲਾਂ ਕਿ ਮੈਂ ਉੱਥੋਂ ਬਚ ਕੇ ਉਠਦਾ, ਉਹਨਾਂ ਦੇ ਛੱਡੇ ਫਾਇਰ ਨੇ ਮੈਨੂੰ ਘੇਰਾ ਪਾ ਲਿਆ। ਮੈਨੂੰ ਯਕੀਨ ਹੋ ਗਿਆ ਕਿ ਰਿਟਾਇਰਡ ਠਾਣੇਦਾਰ ਸਾਹਿਬ ਦੇ ਸਿਪਾਹੀ ਸੱਚੀਂ ਬਿਨਾਂ ਦੇਖੇ ਘੇਰਾ ਪਾ ਸਕਦੇ ਹਨ।

ਸਕੂਲ ਚਾਲੂ ਹੋ ਗਏ ਤਾਂ ਮੇਰਾ ਗੇੜਾ ਕਈ ਦਿਨ ਉਹਨਾਂ ਵੱਲ ਨਾ ਲੱਗਿਆ।

ਫੇਰ ਜਦ ਮੇਰਾ ਜਾਣਾ ਹੋਇਆ ਤਾਂ ਉੱਥੋਂ ਦਾ ਹਾਲ ਬੇਹਾਲ ਸੀ। ਬਿੱਲੂ ਨੇ ਮਾਂ-ਪਿਓ ਨੂੰ ਕਮਰੇ ਅੰਦਰ ਡੱਕ ਕੇ ਬਾਹਰੋਂ ਕੁੰਡਾ ਮਾਰਿਆ ਹੋਇਆ ਸੀ। ਮੈਨੂੰ ਦੇਖ ਕੇ ਬਿੱਲੂ ਭਰਿਆ-ਫਿੱਸਿਆ ਰਸੋਈ ਵਿਚੋਂ ਨਿਕਲਿਆ। ਸਵਾ-ਛੇ ਫੁੱਟ ਦਾ ਤਕੜਾ ਜਵਾਨ, ਕੇਸ ਕੱਟੇ ਹੋਏ ਤੇ ਦਾੜ੍ਹੀ ਮੁੰਨੀ ਹੋਈ।

"ਤੂੰ ਕੀ ਲੈਣ ਆਉਨਾ ਏਂ ਇੱਥੇ, ਇਹਨਾਂ ਲੁੱਚੇ, ਪਖੰਡੀ ਵਪਾਰੀਆਂ ਕੋਲ਼ੋਂ? ਇਹ ਜੱਲਾਦ ਨੇ, ਨਿੱਕੀਆਂ ਮਾਸੂਮ ਜਿੰਦਾਂ ਦੇ ਸੌਦੇ ਕਰਦੇ ਨੇ, ਉਹਨਾਂ ਨੂੰ ਬੇਰਹਮੀ ਨਾਲ ਝਟਕਦੇ ਨੇ। ਕਿਹਦੇ ਨਾਲ ਤੇਰਾ ਸੌਦਾ ਕਿਹੜੇ ਵੇਲ਼ੇ, ਕਿਸ ਦਿਨ ਹੋ ਜਾਊ, ਤੈਨੂੰ ਜਾਂ ਹੋਰ ਕਿਸੇ ਨੂੰ ਪਤਾ ਵੀ ਨਹੀਂ ਲੱਗਣਾ। ਅਮਰੀਕਾ ਵਾਲਾ ਵੱਡਾ ਮੁੰਡਾ ਹੀ ਇਹਨਾਂ ਦਾ ਸਭ ਕੁੱਛ ਹੈ। ਪਿਆਰ, ਲਾਡ, ਔਲਾਦ, ਜਾਇਦਾਦ, ਧਰਮ, ਇੱਜ਼ਤ, ਸ਼ਾਨ...ਸਭ ਕੁੱਛ। ਉਹ ਆਪਣੀ ਮਾਂ ਵਰਗਾ ਤੇ ਉਸ ਜਾਨਵਰ ਦੀ ਜ਼ਨਾਨੀ ਉਹਦੇ ਤੋਂ ਵੀ ਜ਼ਹਿਰੀਲੀ।"

ਇਹ ਸਭ ਬੁੜਬੁੜਾਉਂਦਾ ਉਹ ਖੜੱਪੇ ਸੱਪ ਵਾਂਗੂ ਸ਼ੂਕਦਾ ਗੇਟ ਰਾਹੀਂ ਅਲੋਪ ਹੋ ਗਿਆ। ਜਦੋਂ ਮੈਂ ਗੇਟ ਵੱਲੋਂ ਨਿਗਾਹ ਮੋੜ ਕੇ ਕਮਰੇ ਵੱਲ ਘੁਮਾਈ ਤਾਂ ਠਾਣੇਦਾਰ ਸਾਹਿਬ ਦੀ ਆਵਾਜ਼ ਕੰਨੀਂ ਪਈ।

"ਚੰਨੇ ਕਮਰੇ ਦਾ ਬਾਹਰੋਂ ਕੁੰਡਾ ਖੋਲ੍ਹ ਦੇ।"

ਮੈਂ ਖੋਲ੍ਹ ਦਿੱਤਾ।

"ਇਹ ਮੁੰਡਾ ਸਾਡੇ ਤੋਂ ਪਤਾ ਨਹੀਂ ਕਿਹੜੇ ਜਨਮਾਂ ਦੇ ਬਦਲੇ ਲੈ ਰਿਹੈ?" ਠਾਣੇਦਾਰ ਸਾਹਿਬ ਨੇ ਲੰਬਾ, ਸਰਦ ਹਉਕਾ ਭਰਦਿਆਂ ਅਪਣੇ ਮੱਥੇ 'ਤੇ ਹੱਥ ਮਾਰਿਆ।

ਅਸੀਂ ਦੋਹਵੇਂ ਉਦੋਂ ਰਸੋਈ ਵੱਲ ਨੱਸੇ ਜਦੋਂ ਅੰਦਰੋਂ ਠਾਣੇਦਾਰਣੀ ਦੀ ਚੀਕ ਸੁਣੀ। ਜਾ ਕੇ ਦੇਖਿਆ ਤਾਂ ਰਸੋਈ ਵਿਚ ਤਾਂ ਪਰਲੋ ਆਈ ਲੱਗਦੀ ਸੀ। ਬਿੱਲੂ ਨੇ ਸਾਰੀਆਂ ਦਾਲ਼ਾਂ, ਲੂਣਦਾਨੀ, ਚੀਨੀ, ਚਾਹਪੱਤੀ, ਦੁੱਧ, ਆਟਾ, ਚੌਲ਼, ਅੰਡੇ ਵਗ਼ੈਰਾ ਸਭ ਕੁੱਝ ਸਿੰਕ ਵਿਚ ਸੁੱਟ ਕੇ ਉਪਰੋਂ ਟੂਟੀ ਛੱਡੀ ਹੋਈ ਸੀ। ਥੱਲੇ ਫਰਸ਼ 'ਤੇ ਕੱਪਾਂ, ਪਲੇਟਾਂ, ਗਲਾਸਾਂ, ਟਰੇਅ, ਕੇਤਲੀ ਵਗ਼ੈਰਾ ਦੇ ਟੋਟੇ ਮੂੰਹ ਅੱਡੀ ਪਏ ਸਨ।

ਉਸ ਸਾਲ ਗਰਮੀਆਂ ਵਿਚ ਮੇਰਾ ਦਾਖਲਾ ਪੰਜਾਬ ਪਬਲਿਕ ਸਕੂਲ ਨਾਭਾ ਹੋ ਗਿਆ ਅਤੇ ਮੈਂ ਹੋਸਟਲ 'ਚ ਰਹਿਣ ਲੱਗ ਪਿਆ। ਦਿਵਾਲ਼ੀ ਦੀਆਂ ਛੁੱਟੀਆਂ ਵਿਚ ਜਦੋਂ ਮੈਂ ਘਰ ਆਇਆ ਤਾਂ ਆਪਣੇ ਕਮਰੇ ਵਿਚ ਇਕ ਓਪਰਾ ਮੇਜ਼ ਕੁਰਸੀ ਦੇਖ ਕੇ ਹੈਰਾਨ ਹੋ ਗਿਆ। ਪੁੱਛਿਆ ਤਾਂ ਪਤਾ ਲੱਗਾ ਕਿ ਠਾਣੇਦਾਰ ਸਾਹਿਬ, ਉਹਨਾਂ ਦੀ ਪਤਨੀ ਅਤੇ ਬਿੱਲੂ ਤਿੰਨੋਂ ਅਮਰੀਕਾ ਚਲੇ ਗਏ ਸੀ। ਜਾਣ ਤੋਂ ਪਹਿਲਾਂ ਪਿਛਲਾ ਹਿੱਸਾ ਵੀ ਕਿਰਾਏ 'ਤੇ ਦੇਣ ਦੇ ਚੱਕਰ ਵਿਚ ਆਪਣਾ ਸਮਾਨ ਥੋੜ੍ਹਾ-ਥੋੜ੍ਹਾ ਕਰ ਕੇ ਕਈ ਘਰਾਂ 'ਚ ਦੇ ਗਏ ਸਨ। ਇਹ ਮੇਜ਼ ਕੁਰਸੀ "ਚੰਨੇ ਦੀ ਅਗਾਂਹ ਦੀ ਪੜ੍ਹਾਈ ਲਈ" ਸਾਡੇ ਕੋਲ਼ ਛੱਡ ਗਏ ਸੀ।

"ਪੁੱਤ, ਨਾਲੇ ਠਾਣੇਦਾਰਣੀ ਕਹਿੰਦੀ ਸੀ ਚਰਨਜੀਤ ਵੀ ਮੇਰੇ ਵੱਡੇ ਮੁੰਡੇ ਵਾਂਗੂੰ ਲਿਸ਼ਕੇ ਤੇ ਤੈਨੂੰ ਸੁੱਖ ਦੇਵੇ। ਅਮਰੀਕਾ ਤੋਂ ਕਹਿੰਦੀ ਸੀ ਤੇਰੀ ਲਈ ਤਿੰਨ-ਚਾਰ ਵਧੀਆ ਟਾਈਆਂ ਭੇਜੂਗੀ ਪਹੁੰਚ ਕੇ।" ਮੇਰੀ ਮੰਮੀ ਨੇ ਮੈਨੂੰ ਕਲਾਵੇ ਵਿਚ ਲੈ ਕੇ, ਸਿਰ 'ਤੇ ਹੱਥ ਫੇਰਦਿਆਂ, ਬੜੇ ਲਾਡ ਨਾਲ ਦੱਸਿਆ।

ਕਈ ਸਾਲ ਲੰਘ ਗਏ। ਇਹ ਗੱਲ ਉਦੋਂ ਦੀ ਦੱਸਣ ਲੱਗਾਂ ਜਦੋਂ ਮੈਂ ਸਕੂਲੋਂ ਵਿਹਲਾ ਹੋ ਕੇ ਘਰ ਹੀ ਰਹਿ ਕੇ ਇੰਜਨੀਅਰਿੰਗ ਕਾਲਿਜ ਵਿਚ ਦਾਖਲੇ ਲਈ ਇਮਤਿਹਾਨ ਦੀ ਤਿਆਰੀ ਕਰ ਰਿਹਾ ਸੀ। ਮੈਂ ਕੋਚਿੰਗ ਦੀ ਕਲਾਸ ਲਾ ਕੇ ਘਰ ਮੁੜਿਆ ਤਾਂ ਦੇਖਿਆ ਠਾਣੇਦਾਰਣੀ ਆਈ ਬੈਠੀ ਸੀ। ਬੜੇ ਸਤਿਕਾਰ ਨਾਲ ਮੈਂ ਉਹਨਾਂ ਨੂੰ ਸੱਸਰੀਕਾਲ ਬੁਲਾਈ ਅਤੇ ਉਹਨਾਂ ਤੋਂ ਠਾਣੇਦਾਰ ਸਾਹਿਬ ਤੇ

ਬਿੱਲੂ ਦਾ ਹਾਲ ਪੁੱਛਿਆ।

"ਹਾਏ ਨੀ ਭੈਣੇ, ਕਿੰਨਾ ਬੜਾ ਹੋ ਗਿਆ ਹੁਣ ਇਹ। ਬੜੀਆਂ ਸੋਹਣੀਆਂ ਟਾਈਆਂ ਲੈ ਕੇ ਰੱਖੀਆਂ ਹੋਈਆਂ ਨੇ ਮੈਂ ਇਹਦੇ ਲਈ ਅਮਰੀਕਾ। ਅਗਲੇ ਵਾਰੀ ਜਰੂਰ ਲਿਆਊਂਗੀ। ਜਦ ਤਕ ਸ਼ਗਨਾਂ ਦਾ ਵੇਲ਼ਾ ਵੀ ਆ ਖੜੂ।" ਮੇਰੀ ਮੰਮੀ ਨੂੰ ਕਹਿੰਦੀ।

ਮੇਰੇ ਵੱਲ ਧਿਆਨ ਕਰ ਕੇ ਕਹਿੰਦੀ, "ਠਾਣੇਦਾਰ ਸਾਹਿਬ ਦੀ ਬਹੁਤ ਬੱਲੇ-ਬੱਲੇ ਹੈ ਉੱਥੇ। ਮੈਂ ਤੇਰੀ ਮੰਮੀ ਨੂੰ ਦੱਸ ਰਹੀ ਸੀ ਕਿੰਨੀ ਸੇਵਾ ਕਰਦਾ ਸਾਡਾ ਵੱਡਾ ਮੁੰਡਾ ਤੇ ਵਹੁਟੀ। ਬੱਸ ਕੀ ਦੱਸਾਂ।"

"ਛੱਡੋ ਪਰ੍ਹਾਂ ਫੇਰ...," ਮੇਰੇ ਮੂੰਹੋਂ ਨਿਕਲਦਾ-ਨਿਕਲਦਾ ਰਹਿ ਗਿਆ।

"ਭਾਂਵੇਂ ਸੈਂਕੜੇ ਗੋਰੇ ਅੰਗਰੇਜ਼ ਉਹਦੇ ਥੱਲੇ ਕੰਮ ਕਰਦੇ ਨੇ ਅਮਰੀਕਾ ਵਿਚ," ਹੱਥ ਦੇ ਨਾਲ-ਨਾਲ ਭਰਵੱਟੇ ਵੀ ਉਹਦਾ ਮੱਥਾ ਟੱਪ ਗਏ. "ਪਰ ਉਹ ਸਾਡਾ ਸਰਬਨ ਪੁੱਤ ਸਾਨੂੰ ਪਾਣੀ ਦਾ ਗਲਾਸ ਨਹੀਂ ਭਰਨ ਦਿੰਦਾ।"

"ਪਾਣੀ ਹੋਰ ਲਿਆ ਦਿਆਂ ਜੀ?" ਮੈਂ ਪੁੱਛਿਆ।

"ਨਹੀਂ ਰੱਬ ਤੈਨੂੰ ਬਹੁਤ ਤਰੱਕੀ ਬਖਸ਼ੇ," ਠਾਣੇਦਾਰਨੀ ਕਹਿੰਦੀ। "ਤੇ ਬਿੱਲੂ ਵੀ ਹੁਣ ਇੰਨਾ ਬਦਲ ਗਿਆ ਚਰਨਜੀਤ, ਕੀ ਦੱਸਾਂ...ਹੱਥ ਲਾਇਆਂ ਮੈਲ਼ੀ ਹੁੰਦੀ ਹੈ ਗੋਰੀ ਅੰਗਰੇਜਨੀ, ਜਿਹਦੇ ਨਾਲ ਵਿਆਹ ਕਰਵਾਇਆ ਉਹਨੇ। ਰੱਜ ਕੇ ਅਮੀਰ ਟੱਬਰ ਦੀ ਕੁੜੀ ਹੈ। ਘੋੜੇ ਰੱਖੇ ਹੋਏ ਨੇ ਤੇ ਜਮੀਨ ਦਾ ਹਿਸਾਬ ਹੀ ਕੋਈ ਨਹੀਂ। ਨਵਾਬਾਂ ਵਾਂਗੂੰ ਰਹਿੰਦੇ ਨੇ ਸਾਡੇ ਤੋਂ ਥੋੜ੍ਹੀ ਜਿਹੀ ਦੂਰੀ ਵਤੇ।"

ਮਾਸਾ ਹੋਰ ਰੁਕ ਕੇ ਮੈਂ ਅਪਣੇ ਕਮਰੇ ਵਿਚ ਪੜ੍ਹਨ ਚਲਾ ਗਿਆ। ਘੜੀ ਕੁ ਮਗਰੋਂ ਮੰਮੀ ਕਮਰੇ 'ਚ ਆ ਗਈ।

"ਅਪਣਾ ਮੇਜ ਕੁਰਸੀ ਮੰਗਦੀ ਆ," ਮੰਮੀ ਕਹਿੰਦੀ।

ਜਵਾਬ 'ਚ ਮੇਰਾ ਮੂੰਹ ਅੱਡਿਆ ਹੀ ਰਹਿ ਗਿਆ। ਹੱਕਾ-ਬੱਕਾ ਮੈਂ ਅਪਣੀ ਮੰਮੀ ਦੇ ਮੂੰਹ ਵੱਲ ਝਾਕਦਾ ਰਹਿ ਗਿਆ।

"ਟਾਈਆਂ...ਬੜੀ ਸੋਹਣੀਆਂ ਟਾਈਆਂ...ਇਹੋ ਮੁਹਾਰਨੀ ਬਾਰ ਬਾਰ ਪੜ੍ਹਦੀ ਰਹਿੰਦੀ ਐ, ਪਰ ਨਾ ਲਿਆਈ ਤੇ ਨਾ ਭੇਜੀਆਂ। ਹੁਣ ਐਸ ਪੁਰਾਣੇ ਮੇਜ-ਕੁਰਸੀ ਵਿਚ ਲੱਗੇ ਕਿਹੜੇ ਹੀਰੇ ਜਵਾਹਰਾਤ ਚੇਤੇ ਆ ਗਏ ਨੇ ਇਹਨੂੰ, ਜਿਹੜੇ ਇਸ 'ਮਲਕਾ ਏ ਅਮੈਰੀਕਾ' ਨੇ ਅਪਣੇ ਸਿੰਘਾਸਨ ਵਿਚ ਜੜਾਉਣੇ ਨੇ?" ਅਖ਼ੀਰ ਨੂੰ ਮੇਰੇ ਮੂਹੋਂ ਨਿਕਲਿਆ।

ਬਿਨਾਂ ਮੇਜ਼ ਕੁਰਸੀ ਤੋਂ ਵੀ ਮੇਰਾ ਦਾਖਲਾ ਪਟਿਆਲੇ ਹੀ ਥਾਪਰ ਕਾਲਿਜ ਵਿਚ ਹੋ ਗਿਆ। ਮੈਨੂੰ ਹੈਰਾਨੀ ਉਦੋਂ ਹੋਈ ਜਦੋਂ ਪ੍ਰੋਫੈਸਰਾਂ ਨੇ ਉੱਥੇ ਕਲਾਸ ਵਿਚ ਬਿੱਲੂ ਦੀ ਗੱਲ ਕਰਨੀ। ਉਹਦੇ ਗਿਆਨ, ਵੱਖਰੀ ਸੋਚ, ਤੇ ਤੇਜ਼ ਦਿਮਾਗ਼ ਦੀ ਦਾਦ ਦੇਣੀ।

"ਉਹ ਕਈ ਸਾਲ ਬਾਅਦ ਵੀ ਭਾਵੇਂ ਬਿਨਾਂ ਡਿਗਰੀ ਕੀਤਿਆਂ ਇੱਥੋਂ ਚਲਾ ਗਿਆ, ਪਰ ਦਿਮਾਗ਼ ਉਹਦੇ ਦੀ ਤੇਜ਼ੀ ਦਾ ਕੋਈ ਮੁਕਾਬਲਾ ਨਹੀਂ ਸੀ। ਡਿਗਰੀ ਤਾਂ ਉਹ ਜਾਣਕੇ ਲਮਕਾਉਂਦਾ ਰਿਹਾ, ਚਾਹੁੰਦਾ ਤਾਂ ਕਿਸੇ ਵੇਲ਼ੇ ਵੀ ਨਿਬੇੜ ਕੇ ਪਰੇ ਕਰ ਸਕਦਾ ਸੀ। ਜਿਹੜੇ ਸਵਾਲਾਂ, ਉਲਝਣਾਂ ਦਾ ਹੱਲ ਸਾਡੇ ਪ੍ਰੋਫੈਸਰਾਂ ਕੋਲੋਂ ਘੰਟਿਆਂ, ਦਿਨਾਂ ਬਾਅਦ ਨਿਕਲਦਾ ਸੀ, ਉਹ ਚੁਟਕੀ ਮਾਰ ਕੇ ਕੱਢ ਦਿੰਦਾ ਸੀ। ਤੁਹਾਨੂੰ ਲੱਗਦਾ ਹੋਊ ਪਤਾ ਨਹੀਂ ਮੈਂ ਕੀ ਅਵਾ-ਤਵਾ ਬੋਲ ਰਿਹਾਂ, ਪੁੱਛਣਾ ਚਾਹੋਂਗੇ ਭਲਾ ਡਿਗਰੀ ਮੁਕਾ ਕੇ ਕਿਹੜਾ ਨਹੀਂ ਗਾਹਾਂ ਹੋਣਾ ਚਾਹੁੰਦਾ? ਪੁੱਛੋ ਫੇਰ ਭਲਾ ਉਹ ਕਿਉਂ ਜਾਣ ਕੇ ਫੇਲ੍ਹ ਹੁੰਦਾ ਸੀ? ਸੁਣੋ ਫੇਰ ਇਹਦਾ ਵੀ ਇਕੋ-ਇਕ ਕਾਰਨ ਸੀ ਤੇ ਉਹ ਵੀ ਜਿਹੜਾ ਕਦੇ ਸੁਣਨ ਵਿਚ ਨਹੀਂ ਆਉਂਦਾ। ਹਮੇਸ਼ਾ ਕਹਿੰਦਾ ਸੀ "ਜੇ ਮੈਂ ਡਿਗਰੀ ਲੈ ਲਈ ਤਾਂ ਮਾਂ ਮੇਰੀ ਨੇ ਬਹੁਤ ਖੁਸ਼ ਹੋਣਾ ਏ ਤੇ ਮੇਰੇ ਤੋਂ ਅਪਣੀ ਮਾਂ ਦੀ ਖੁਸ਼ੀ ਬਰਦਾਸ਼ਤ ਨਹੀਂ ਹੁੰਦੀ।"

ਉਧਰ ਕਾਲਜ ਕੈਨਟੀਨ ਦੇ ਠੇਕੇਦਾਰ ਕੋਲ਼ ਇਸ ਤੋਂ ਵੀ ਰੋਮਾਂਚਕ ਦਾਸਤਾਨਾਂ ਸਨ।

"ਬਿੱਲੂ ਨੂੰ ਉੱਦਾਂ ਤਾਂ ਕਿਸੇ ਨਾਲ ਕੋਈ ਲੈਣਾ-ਦੇਣਾ ਨਹੀਂ ਸੀ, ਅਪਣੀ ਹੀ ਦੁਨੀਆਂ ਵਿਚ ਮਸਤ ਰਹਿੰਦਾ ਸੀ। ਸ਼ਰਾਬ-ਸ਼ਬਾਬ-ਕਬਾਬ ਕਿਸੇ ਵੀ ਐਸੀ ਸ਼ੈਅ ਦਾ ਸ਼ੌਕ ਨਹੀਂ ਸੀ ਉਹਨੂੰ। ਇਮਾਨਦਾਰ, ਸੱਚਾ-ਸੁੱਚਾ, ਤੇ ਰੱਜ ਕੇ ਦਲੇਰ। ਪਰ ਜੇ ਕਿਸੇ ਨਾਢੂ ਖਾਨ ਨੇ ਮੱਲੋਮਲੀ ਆਣ ਕੇ ਪੇਚਾ ਫਸਾ ਹੀ ਲਿਆ, ਜਾਂ ਜੇ ਕਿਤੇ ਉਹਨੇ ਕਾਲਿਜ, ਮੁਹੱਲੇ, ਸ਼ਹਿਰ ਵਿਚ ਕਿਸੇ ਨੂੰ ਕੁੜੀਆਂ ਨਾਲ ਬਦਤਮੀਜ਼ੀ ਕਰਦੇ ਦੇਖ ਲਿਆ ਤਾਂ ਕੱਲਾ ਹੀ ਐਸਾ ਫੈਂਟਾ ਚਾੜ੍ਹਦਾ ਸੀ, ਚਾਹੇ ਮੂਹਰੇ ਦੋ ਹੋਣ ਜਾਂ ਚਾਰ, ਆਮਲੇਟ ਦੇ ਅੰਡਿਆਂ ਨਾਲੋਂ ਵੀ ਉਹਨਾਂ ਦੀ ਹਾਲਤ ਪਤਲੀ ਹੋ ਜਾਂਦੀ ਸੀ।"

ਮੈਨੂੰ ਲੱਗਦਾ ਜਾਂ ਤੇ ਮੈਂ ਡਿਗਰੀ ਦੇ ਅਖ਼ੀਰਲੇ ਸਾਲ ਵਿਚ ਸੀ ਜਾਂ ਖਬਰੇ ਨੌਕਰੀ ਸ਼ੁਰੂ ਕਰ ਚੁੱਕਾ ਸੀ ਜਦੋਂ ਅਖ਼ਬਾਰ ਵਿਚ ਪੜ੍ਹਿਆ ਪਈ ਬਿੱਲੂ ਨੇ ਅਮੈਰੀਕਾ ਵਿਚ ਆਪਣੀ ਮਾਂ, ਭਰਾ ਤੇ ਭਾਬੀ ਨੂੰ ਮਾਰ ਦਿੱਤਾ।

ਮੇਰੇ ਤੋਂ ਰਿਹਾ ਨਾ ਗਿਆ ਤੇ ਮੈਂ ਠਾਣੇਦਾਰ ਸਾਹਿਬ ਨੂੰ ਫੋਨ ਲਾਇਆ।

"ਹਾਂ ਚੰਨੇ ਠੀਕ ਪੜ੍ਹਿਆ ਤੂੰ...ਬਿੱਲੂ ਨੇ ਗੋਲ਼ੀ ਮਾਰ ਕੇ ਮਾਰ ਦਿੱਤਾ ਤਿੰਨਾਂ ਨੂੰ। ਐਤਵਾਰ ਦਾ ਦਿਨ ਸੀ...ਅਸੀਂ ਸਾਰੇ ਬੈਠੇ ਨਾਸ਼ਤਾ ਕਰਦੇ ਸੀ...ਘੰਟੀ ਵੱਜੀ...ਮੈਂ ਉਠ ਕੇ ਦਰਵਾਜ਼ਾ ਖੋਲ੍ਹਿਆ। ਬਿੱਲੂ ਸੀ, ਅੰਦਰ ਆਇਆ, ਠਾਹ ਠਾਹ ਠਾਹ। ਮੈਂ ਤੇ ਨਿਆਣੇ ਦੇਖਦੇ ਰਹਿ ਗਏ। ਉਹਨੇ ਮਗਰੋਂ ਪੁਲਿਸ ਨੂੰ ਆਪੇ ਫੋਨ ਕਰਕੇ ਬੁਲਾ ਲਿਆ...ਪਤਾ ਨਹੀਂ ਰੱਬ ਐਸ ਉਮਰੇ ਕਿਹੜੇ ਇਮਤਿਹਾਨ ਲੈ ਰਿਹਾ," ਠਾਣੇਦਾਰ ਸਾਹਿਬ ਹੌਲ਼ੀ-ਹੌਲ਼ੀ ਰੁਕ-ਰੁਕ ਕੇ ਬੋਲੇ।

ਥੋੜ੍ਹੇ ਦਿਨਾਂ ਬਾਅਦ ਜਦੋਂ ਮੈਂ ਉਹਨਾਂ ਦੀ ਇਕ ਵੇਲ਼ੇ ਅਨਾਰਾਂ ਲਈ ਮਸ਼ਹੂਰ ਕੋਠੀ ਕਲ਼ਲੋਂ ਲੰਘਿਆ ਤਾਂ ਦੇਖਿਆ ਕਿ ਉੱਥੇ ਹੁਣ ਠਾਣੇਦਾਰ ਸਾਹਿਬ ਦਾ ਵਿਚਕਾਰਲਾ ਮੁੰਡਾ ਆਪਣੇ ਪਰਿਵਾਰ ਨਾਲ ਰਹਿਣ ਲੱਗ ਪਿਆ ਸੀ।

ਕੁਝ ਮਹੀਨਿਆਂ ਬਾਅਦ ਠਾਣੇਦਾਰ ਸਾਹਿਬ ਦਾ ਮੈਨੂੰ ਫੋਨ ਆਇਆ, "ਚੰਨੇ, ਮੈਂ ਪੱਕੇ ਤੋਰ 'ਤੇ ਵਾਪਿਸ ਆ ਰਿਹਾਂ। ਮੈਨੂੰ ਦਿੱਲੀ ਏਅਰਪੋਰਟ ਤੋਂ ਚੱਕਣ ਦਾ ਪ੍ਰਬੰਧ ਕਰਾ ਦੇ।"

"ਕੋਈ ਗੱਲ ਨਹੀਂ ਜੀ, ਮੈਂ ਆਪ ਆ ਜਾਊਂ," ਮੈਂ ਜਵਾਬ ਦਿੱਤਾ।

ਮੈਂ ਨੱਕ 'ਤੇ ਰੱਖਣ ਲਈ ਰੁਮਾਲ ਜੇਬ 'ਚ ਪਾ ਕੇ ਠਾਣੇਦਾਰ ਸਾਹਿਬ ਨੂੰ ਲੈਣ ਚਲਿਆ ਗਿਆ। ਜਦੋਂ ਉਹ ਟਰਮੀਨਲ ਤੋਂ ਬਾਹਰ ਨਿਕਲੇ ਤਾਂ ਪਛਾਣੇ ਹੀ ਨਾ ਜਾਣ। ਹਦਵਾਨੇ ਨੁਮਾ ਮੂੰਹ ਚੂਪਿਆ ਅੰਬ ਬਣ ਗਿਆ ਸੀ, ਰੰਗ ਪੱਕ ਗਿਆ ਸੀ, ਅਤੇ ਗੋਗੜ ਬੇਚਾਰੀ ਦੀ ਜਵਾਨੀ ਢਲ਼ ਗਈ ਸੀ।

ਦਿੱਲੀ ਤੋਂ ਨਿਕਲਕੇ ਰਾਹ ਵਿਚ ਅਸੀਂ ਇਕ ਢਾਬੇ 'ਤੇ ਰੁਕੇ। ਉੱਥੇ ਤਕ ਸਾਡੇ ਵਿਚਾਲ਼ੇ ਕੋਈ ਬਹੁਤੀ ਗੱਲਬਾਤ ਨਹੀਂ ਸੀ ਹੋਈ। ਉਹਨਾਂ ਦੀਆਂ ਖੁਫੀਆ ਹਵਾਵਾਂ ਨੇ ਵੀ ਆਪਣਾ ਘੁੰਡ ਨਾ ਚੁੱਕਿਆ। ਢਾਬੇ ਦੇ ਅੰਦਰ ਬੈਠਕੇ ਉਹਨਾਂ ਨੇ ਨਾਲ ਲਿਆਂਦੀ ਬੋਤਲ ਵਿਚੋਂ ਪੈਗ ਲਾਉਣੇ ਸ਼ੁਰੂ ਕੀਤੇ। ਹੁਣ ਪਹਿਲੀ ਵਾਰ ਉਹ ਖੰਘੇ, ਸੱਜੇ ਪੱਬ 'ਤੇ ਅੱਡੀ ਨਾਲ ਦੀ ਤਾਲ ਦੇ ਨਾਲ-ਨਾਲ।

"ਇਕੋ ਸਵਾਲ, ਜਿਹਨੂੰ ਦੇਖੋ ਉਹੀ ਗੱਲ, ਬਿੱਲੂ ਨੇ ਇਹ ਕਿੱਦਾਂ ਕੀਤਾ, ਕਿਉਂ ਕੀਤਾ? ... ਹੁਣ ਮੈਂ ਭਲਾ ਕੀ ਦੱਸਾਂ ਕਿਉਂ ਕੀਤਾ?" ਠਾਣੇਦਾਰ ਸਾਹਿਬ ਚੁੱਪ ਹੋ ਗਏ, ਪਰ ਪੈੱਗ ਚਲਦੇ ਰਹੇ।

"ਜਦੋਂ ਬਚਪਨ ਵਿਚ ਠਾਣੇਦਾਰਨੀ ਨੇ ਪਹਿਲਾਂ ਇਹਨੂੰ ਆਪਣੀ ਬੇਔਲਾਦ ਭੈਣ ਨੂੰ ਦਿੱਤਾ ਤਾਂ ਦੱਸ ਮੈਂ ਕੀ ਕਰਦਾ? ਬੱਸ ਇਹੋ ਹੀ ਕਹੀ ਜਾਣਾ ਕਿ ਸਾਡੇ ਤਿੰਨ ਮੁੰਡੇ ਨੇ, ਪਰ ਜਮੀਨ-ਜਾਇਦਾਦ ਥੋਹੜੀ ਹੈ...ਤੇ ਉਧਰ ਮੇਰੀ ਭੈਣ ਹੁਣਾਂ ਕੋਲ ਦਸ ਗੁਣਾਂ, ਪਰ ਨਿਆਣਾ ਇਕ ਵੀ ਨਹੀਂ। ਦੋਹਾਂ ਭੈਣਾਂ ਨੇ ਸਲਾਹ ਕਰ ਲਈ ਤੇ ਬਿੱਲੂ ਉਹਨਾਂ ਨੂੰ ਦੇ ਦਿੱਤਾ। ਮੇਰੇ ਸਾਢੂ ਤੋਂ ਜ਼ਿਆਦਾ ਪਿਆਰ ਨਾ ਮਿਲਿਆ ਬਿੱਲੂ ਨੂੰ। ਭਲਾ ਬੇਗਾਨੇ ਨਿਆਣੇ ਕਦ ਲਖ਼ਤੇ ਜਿਗਰ ਬਣਦੇ ਨੇ! ਫੇਰ ਕੁਝ ਸਾਲਾਂ

ਬਾਅਦ ਜਦੋਂ ਉਹਨਾਂ ਦੇ ਆਪਣਾ ਜੁਆਕ ਹੋ ਗਿਆ ਤਾਂ ਪਹਿਲਾਂ ਮੇਰੇ ਨਾਲ ਤੇ ਫੇਰ ਅਪਣੇ ਭੈਣ-ਭਣੋਈਏ ਨਾਲ ਲੜ-ਝਗੜ ਕੇ ਠਾਣੇਦਾਰਨੀ ਮੱਲੋ ਮਲੀ ਚੁੱਕ ਲਿਆਈ ਬਿੱਲੂ ਨੂੰ।"

"ਉਹ ਕਿਉਂ?" ਮੇਰੇ ਮੂੰਹੋਂ ਨਿਕਲਿਆ।

ਠਾਣੇਦਾਰ ਸਾਹਿਬ ਖਾਮੋਸ਼ ਰਹੇ ਤੇ ਫੇਰ ਖਚਰੀ ਜਿਹੀ ਹਾਸੀ ਹੱਸ ਕੇ ਬੋਲੇ: "ਇਸ ਲਈ ਕਿਉਂਕਿ ਉਹ ਮੰਨੇ ਨਹੀਂ ਉਸੇ ਵੇਲੇ ਅੱਧੀ ਜਾਇਦਾਦ ਦੀ ਵਸੀਅਤ ਬਿੱਲੂ ਦੇ ਨਾਂ ਲਿਖਣ ਲਈ। ਠਾਣੇਦਾਰਨੀ ਦੀ ਜ਼ਿੱਦ ਸੀ ਕਿ ਲਿਖਤ ਹੁਣੇ ਕਰੋ। ਸਭ ਕੁਝ ਤੋਂ ਬੇਪ੍ਰਵਾਹ ਹੋ, ਬਿੱਲੂ ਦੇ ਮਨ-ਦਿਲ ਤੋਂ, ਸਾਲ਼ੀ-ਸਾਂਢੂ ਦੇ ਜੁੜੇ ਹੱਥਾਂ ਤੋਂ, ਬਿੱਲੂ ਨੂੰ ਬੱਸ ਘੜੀਸ ਲਿਆਈ ਪਟਿਆਲੇ। ਇਹੋ ਬਿੱਲੂ ਦੀ ਜ਼ਿੰਦਗੀ ਦਾ ਨਾਸੂਰ ਬਣ ਗਿਆ।"

"ਅੱ...ਛਾ!" ਮੈਂ ਇਹੋ ਹੀ ਕਹਿ ਸਕਿਆ।

ਠਾਣੇਦਾਰ ਸਾਹਿਬ ਦੀ ਤਬੀਅਤ ਰੋਟੀ ਖਾਂਦੇ-ਖਾਂਦੇ ਖਰਾਬ ਹੋ ਗਈ ਤੇ ਸਾਨੂੰ ਉਸ ਰਾਤ ਰਾਹ ਵਿਚ ਹੀ ਰੁਕਣਾ ਪਿਆ।

ਅਗਲੇ ਦਿਨ ਅਸੀਂ ਪਟਿਆਲੇ ਉਹਨਾਂ ਦੀ ਕੋਠੀ ਮੂਹਰੇ ਦੁਪਿਹਰ ਤੋਂ ਬਾਅਦ ਪਹੁੰਚੇ।

"ਇਸ ਮੁੰਡੇ ਨੂੰ ਤੇ ਇਹਦੇ ਟੱਬਰ ਨੂੰ ਠਾਣੇਦਾਰਨੀ ਨੇ ਸਾਰੀ ਉਮਰ ਕੋਠੀ ਵਿਚ ਨਹੀਂ ਸੀ ਵੜਨ ਦਿੱਤਾ। ਪੜ੍ਹਿਆ ਜ਼ਿਆਦਾ ਹੈ ਨਹੀਂ ਸੀ। ਮਾੜੀ ਮੋਟੀ ਨੌਕਰੀ ਸੀ ਬਿਜਲੀ ਬੋਰਡ ਵਿਚ। ਵਹੁਟੀ ਇਹਦੀ ਦਾਜ ਵੀ ਠਾਣੇਦਾਰਨੀ ਦੀ ਆਸ ਨਾਲੋਂ ਬਹੁਤ ਹੀ ਥੋੜ੍ਹਾ ਲਿਆਈ ਸੀ। ਕਿਰਾਏ 'ਤੇ ਧੱਕੇ ਖਾਂਦਾ ਰਿਹਾ ਹੁਣ ਤਕ। ਹੌਂਸਲਾ ਕਰਕੇ ਚੱਲਾਂ ਕਾਕਾ, ਹੁਣ ਦੇਖੋ ਰੱਖਦਾ ਕਿ ਨਹੀਂ। ਇਕ ਨਿੱਕਾ ਜਿਹਾ ਕਮਰਾ ਵੀ ਦੇ ਦੇਵੇ ਤਾਂ ਬਹੁਤ ਹੈ। ਜੇ ਨਹੀਂ...ਤਾਂ ਪਤਾ ਨਹੀ ਕਿੱਥੇ ਜਾਊਂਗਾ? ਹੋਰ ਕੋਈ ਰਿਹਾ ਨਹੀਂ ਅੱਗੇ-ਪਿੱਛੇ।" ਠਾਣੇਦਾਰ ਸਾਹਿਬ ਨੇ ਦੱਸਿਆ।

ਮੇਰੇ ਦਿਮਾਗ਼ ਵਿਚ ਕਿਸੇ ਸ਼ਾਇਰ ਦੀਆਂ ਦੋ ਕੁ ਪੰਕਤੀਆਂ ਨੇ ਉਸ ਵੇਲੇ ਅੰਗੜਾਈ ਲਈ

ਆਜ ਉਤਨਾ ਨਹੀਂ ਹੈ ਮੈਖ਼ਾਨੇ ਮੇਂ।
ਜਿਤਨਾ ਹਮ ਛੋੜ ਦੀਆ ਕਰ ਦੇਤੇ ਥੇ ਪੈਮਾਨੇ ਮੇਂ।

ਪਰ ਮੇਰੇ ਕੋਲ਼ ਕੋਈ ਉਹਨਾਂ ਨੂੰ ਦੇਣ ਲਈ ਜਵਾਬ ਨਹੀਂ ਸੀ। ਮੈਂ ਚੁੱਪ-ਚਾਪ ਉਹਨਾਂ ਨੂੰ ਗੇਟ ਲੰਘ ਕੇ ਜਾਂਦਾ ਦੇਖਦਾ ਰਿਹਾ। ਵਕਤ ਦੇ ਜੁਆਬ ਦੀ ਉਡੀਕ ਵਿਚ। 000

***(153 Canal Way, Newark, DE 19702 USA***
***Phone: 302-359-2155***
***Email: charanjeetsinghminhas@gmail.com)***